ਲਿਥੀਅਮ-ਆਇਨ ਬੈਟਰੀ ਲਈ ਸੁਰੱਖਿਆ ਦੇ ਸਾਧਾਰਨ ਸੁਝਾਅ


ਲਿਥੀਅਮ-ਆਇਨ ਬੈਟਰੀਆਂ ਵੱਡੀ ਮਾਤਰਾ ਵਿੱਚ ਊਰਜਾ ਸਟੋਰ ਕਰਦੀਆਂ ਹਨ, ਅਤੇ ਜੇ ਸਹੀ ਢੰਗ ਨਾਲ ਨਹੀਂ ਵਰਤੀਆਂ ਜਾਂਦੀਆਂ, ਤਾਂ ਜ਼ਿਆਦਾ ਗਰਮ ਹੋ ਸਕਦੀਆਂ ਹਨ, ਅੱਗ ਫੜ੍ਹ ਸਕਦੀਆਂ ਹਨ, ਜਾਂ ਫ਼ੱਟ ਸਕਦੀਆਂ ਹਨ। ਜੇ ਅਜਿਹਾ ਹੁੰਦਾ ਹੈ, ਤਾਂ ਇਹ ਲੋਕਾਂ ਨੂੰ ਜ਼ਖਮੀ ਵੀ ਕਰ ਸਕਦੀਆਂ ਹਨ।

ਲਿਥੀਅਮ-ਆਇਨ ਬੈਟਰੀਆਂ ਕੀ ਹਨ?

ਲਿਥੀਅਮ-ਆਇਨ ਬੈਟਰੀਆਂ ਦੋਬਾਰਾ ਚਾਰਜ ਕਰਨਯੋਗ ਹੁੰਦੀਆਂ ਹਨ। ਇਸ ਦਾ ਮਤਲਬ ਹੈ ਕਿ ਤੁਸੀਂ ਉਨ੍ਹਾਂ ਨੂੰ ਚਾਰਜ ਕਰ ਸਕਦੇ ਹੋ, ਅਤੇ ਉਨ੍ਹਾਂ ਨੂੰ ਦੁਬਾਰਾ ਵਰਤ ਸਕਦੇ ਹੋ।

ਇਹ ਬੈਟਰੀਆਂ ਬਹੁਤ ਸਾਰੀਆਂ ਰੋਜ਼ਮਰ੍ਹਾ ਦੀਆਂ ਚੀਜ਼ਾਂ ਵਿੱਚ ਵਰਤੀਆਂ ਜਾਂਦੀਆਂ ਹਨ, ਜਿਵੇਂ ਕਿ:

- ਮੋਬਾਈਲ ਫ਼ੋਨ
- ਟੈਬਲੈੱਟ ਅਤੇ ਲੈਪਟਾਪ
- ਪਾਵਰ ਬੈਂਕ
- ਬਿਜਲੀ ਵਾਲੇ ਸੰਦ
- ਗਤੀਸ਼ੀਲਤਾ ਸਕੂਟਰ ਅਤੇ ਬਿਜਲੀ ਵਾਲੀਆਂ ਵ੍ਹੀਲਚੇਅਰਾਂ
- ਬਿਜਲੀ ਵਾਲੇ ਸਾਈਕਲ ਅਤੇ ਬਿਜਲੀ ਵਾਲੇ ਸਕੂਟਰ
- ਬਿਜਲੀ ਵਾਲੀਆਂ ਕਾਰਾਂ



ਬੈਟਰੀਆਂ ਨਾਲ ਕੀ ਕਰਨਾ ਹੈ ਅਤੇ ਕੀ ਨਹੀਂ ਕਰਨਾ ਹੈ

ਕੀ ਕਰਨਾ ਹੈ

- ਨਵੇਂ ਉਪਕਰਨ ਅਤੇ ਚਾਰਜਰ ਭਰੋਸੇਮੰਦ ਦੁਕਾਨਾਂ ਅਤੇ ਵੇਚਣ ਵਾਲਿਆਂ ਤੋਂ ਖਰੀਦੋ।
- ਇਹ ਯਕੀਨੀ ਬਣਾਓ ਕਿ ਉਪਕਰਨਾਂ ਅਤੇ ਚਾਰਜਰਾਂ ਉਪਰ ਰੈਗੂਲੇਟਰੀ ਪਾਲਣਾ ਦਾ ਚਿੰਨ੍ਹ (RCM) ਲੱਗਾ ਹੈ।
- ਨਿਰਮਾਤਾ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ।
- ਸਿਰਫ਼ ਅਸਲੀ ਬੈਟਰੀਆਂ ਅਤੇ ਚਾਰਜਰਾਂ ਦੀ ਵਰਤੋਂ ਕਰੋ ਜੋ ਉਪਕਰਨ ਦੇ ਨਾਲ ਆਏ ਸਨ।
- ਜਦੋਂ ਬਦਲਣ ਦੀ ਜ਼ਰੂਰਤ ਹੋਵੇ, ਉਦੋਂ ਸਿਰਫ਼ ਅਸਲੀ ਬੈਟਰੀਆਂ ਅਤੇ ਚਾਰਜਰ ਦੀ ਵਰਤੋਂ ਕਰੋ।
- ਚਾਰਜਰ ਅਤੇ ਤਾਰ ਦੀ ਖ਼ਰਾਬ ਹੋਣ ਲਈ ਜਾਂਚ ਕਰੋ। ਜੇ ਉਹ ਖ਼ਰਾਬ ਹਨ, ਤਾਂ ਇਨ੍ਹਾਂ ਦੀ ਵਰਤੋਂ ਨਾ ਕਰੋ।
- ਹਰੇਕ ਬਿਜਲੀ ਦੇ ਪਲੱਗ ਵਿੱਚ ਕੇਵਲ ਇੱਕ ਹੀ ਉਪਕਰਨ ਲਗਾਓ।
- ਇਸ ਨੂੰ ਕਿਸੇ ਵੀ ਅਜਿਹੀ ਚੀਜ਼ ਤੋਂ ਦੂਰ ਚਾਰਜ ਕਰੋ, ਜੋ ਸੜ ਸਕਦੀ ਹੈ।
- ਜਦੋਂ ਤੁਸੀਂ ਜਾਗਦੇ ਹੋ, ਅਤੇ ਘਰ ਵਿੱਚ ਹੁੰਦੇ ਹੋ, ਤਾਂ ਹੀ ਉਪਕਰਨਾਂ ਨੂੰ ਚਾਰਜ ਕਰੋ।
- ਸਖ਼ਤ ਤਲਾਂ 'ਤੇ ਰੱਖ ਕੇ ਚਾਰਜ ਕਰੋ, ਜਿਵੇਂ ਕਿ ਟਾਈਲਾਂ ਜਾਂ ਮੇਜ਼।
- ਬੈਟਰੀ ਪੂਰੀ ਤਰ੍ਹਾਂ ਚਾਰਜ ਹੋਣ 'ਤੇ ਚਾਰਜਰ ਨੂੰ ਪਲੱਗ ਵਿੱਚੋਂ ਕੱਢ ਦਿਓ।
- ਬੈਟਰੀਆਂ ਨੂੰ ਉੱਥੇ ਚਾਰਜ ਕਰੋ, ਜਿੱਥੇ ਕੰਮ ਕਰਦੇ ਧੂੰਏਂ ਦੇ ਅਲਾਰਮ ਲੱਗੇ ਹਨ।

ਇਹ ਨਾ ਕਰੋ

- ਖ਼ਰਾਬ ਹੋਈਆਂ ਬੈਟਰੀਆਂ, ਉਪਕਰਨਾਂ ਜਾਂ ਚਾਰਜਰਾਂ ਦੀ ਵਰਤੋਂ ਨਾ ਕਰੋ।
- ਬਿਸਤਰੇ, ਸੋਫ਼ੇ, ਕੰਬਲ ਜਾਂ ਸਿਰਹਾਣੇ 'ਤੇ ਰੱਖ ਕੇ ਬੈਟਰੀਆਂ ਜਾਂ ਉਪਕਰਨਾਂ ਨੂੰ ਚਾਰਜ ਨਾ ਕਰੋ।
- ਜਦੋਂ ਤੁਸੀਂ ਸੌਂ ਰਹੇ ਹੋਵੋ, ਜਾਂ ਘਰ ਵਿੱਚ ਨਾ ਹੋਵੋ, ਤਾਂ ਚਾਰਜ ਨਾ ਕਰੋ।
- ਬੈਟਰੀਆਂ ਨੂੰ ਗਰਮ ਥਾਵਾਂ ਜਿਵੇਂ ਕਿ ਸਿੱਧੀ ਧੁੱਪ ਜਾਂ ਕਾਰਾਂ ਵਿੱਚ ਚਾਰਜ ਨਾ ਕਰੋ, ਅਤੇ ਨਾ ਹੀ ਰੱਖੋ।
- ਗਿੱਲੀਆਂ ਜਗ੍ਹਾਵਾਂ 'ਤੇ ਬੈਟਰੀਆਂ ਨੂੰ ਨਾ ਰੱਖੋ ਜਾਂ ਚਾਰਜ ਨਾ ਕਰੋ।
- ਦਰਵਾਜ਼ੇ ਜਾਂ ਇਮਾਰਤ ਤੋਂ ਬਾਹਰ ਨਿਕਲਣ ਵਾਲੀਆਂ ਜਗ੍ਹਾਵਾਂ ਵਿੱਚ ਉਪਕਰਨਾਂ ਨੂੰ ਚਾਰਜ ਨਾ ਕਰੋ।
- ਉਪਕਰਨਾਂ ਜਾਂ ਬੈਟਰੀਆਂ ਵਿੱਚ ਤਬਦੀਲੀ ਨਾ ਕਰੋ।

CFA

FIRE RESCUE VICTORIA

ਵਧੇਰੇ ਜਾਣਕਾਰੀ ਵਾਸਤੇ cfa.vic.gov.au ਜਾਂ frv.vic.gov.au ਵੇਖੋ

ਲਿਥੀਅਮ-ਆਇਨ ਬੈਟਰੀ ਲਈ ਸੁਰੱਖਿਆ ਦੇ ਸਾਧਾਰਨ ਸੁਝਾਅ

ਬੈਟਰੀ ਖ਼ਰਾਬ ਹੋਣ ਦੇ ਸੰਕੇਤ

ਲਿਥੀਅਮ-ਆਇਨ ਬੈਟਰੀ ਖ਼ਰਾਬ ਹੋਈ ਹੋ ਸਕਦੀ ਹੈ ਜੇ:

- ਆਕਾਰ ਬਦਲ ਗਿਆ ਹੈ, ਜਾਂ ਫੁੱਲੀ ਹੋਈ ਵਿਖਾਈ ਦਿੰਦੀ ਹੈ।
- ਤਰਲ ਲੀਕ ਕਰਦਾ ਹੈ।
- ਬਹੁਤ ਗਰਮ ਮਹਿਸੂਸ ਹੁੰਦੀ ਹੈ।
- ਤ੍ਰੇੜ ਆਈ ਹੈ, ਜਾਂ ਟੁੱਟ ਗਈ ਹੈ।
- ਅਜੀਬ ਤਰ੍ਹਾਂ ਦੀ ਬੋਅ ਆ ਰਹੀ ਹੈ।
- ਇਸ ਵਿੱਚੋਂ ਧੂੰਆਂ ਨਿਕਲ ਰਿਹਾ ਹੈ।
- ਰੰਗ ਬਦਲਿਆ ਹੋਇਆ ਹੈ।
- ਪਟਾਕਿਆਂ ਜਾਂ ਸਿਸਕਣ ਵਰਗੀਆਂ ਆਵਾਜ਼ਾਂ ਕੱਢਦੀ ਹੈ।

ਕਿਸੇ ਸੰਕਟ ਦੀ ਘੜੀ ਵਿੱਚ ਕੀ ਕਰਨਾ ਹੈ

ਜੇ ਧੂੰਆਂ ਨਿਕਲ ਰਿਹਾ ਹੈ ਜਾਂ ਅੱਗ ਲੱਗਦੀ ਹੈ:

- ਘਰ ਜਾਂ ਕਮਰੇ ਨੂੰ ਛੱਡ ਕੇ ਚਲੇ ਜਾਓ, ਅਤੇ ਜੇ ਅਜਿਹਾ ਕਰਨਾ ਸੁਰੱਖਿਅਤ ਹੈ, ਤਾਂ ਦਰਵਾਜ਼ੇ ਬੰਦ ਕਰ ਦਿਓ।
- ਘਰ ਦੇ ਲੋਕਾਂ ਨੂੰ ਬਾਹਰ ਜਾਣ ਲਈ ਕਹੋ।
- ਬਾਹਰ ਕਿਸੇ ਸੁਰੱਖਿਅਤ ਸਥਾਨ 'ਤੇ ਜਾਓ ਅਤੇ ਬਾਹਰ ਹੀ ਰਹੋ। **ਵਾਪਸ ਅੰਦਰ ਨਾ ਜਾਓ।**
- **ਟ੍ਰਿਪਲ ਜ਼ੀਰੋ (000) ਨੂੰ ਫ਼ੋਨ ਕਰੋ।** ਔਪਰੇਟਰ ਨਾਲ ਫ਼ੋਨ 'ਤੇ ਬਣੇ ਰਹੋ।
- ਔਪਰੇਟਰ ਨੂੰ ਦੱਸੋ ਕਿ ਇਹ ਲਿਥੀਅਮ-ਆਇਨ ਬੈਟਰੀ ਦੀ ਅੱਗ ਹੈ।
- ਅੱਗ ਬੁਝਾਊ ਕਰਮਚਾਰੀਆਂ ਦੀ ਉਡੀਕ ਕਰੋ।


ਜੇ ਕੋਈ ਬੈਟਰੀ ਬਹੁਤ ਗਰਮ ਹੈ:

- ਜੇ ਅਜਿਹਾ ਕਰਨਾ ਸੁਰੱਖਿਅਤ ਹੈ, ਤਾਂ ਇਸ ਨੂੰ ਪਲੱਗ ਵਿੱਚੋਂ ਕੱਢ ਦਿਓ।
- ਬੈਟਰੀ ਨੂੰ ਨਾ ਹਿਲਾਓ।
- ਖੇਤਰ ਨੂੰ ਛੱਡ ਕੇ ਚਲੇ ਜਾਓ।
- ਜੇ ਅੱਗ ਲੱਗਦੀ ਹੈ ਤਾਂ **ਟ੍ਰਿਪਲ ਜ਼ੀਰੋ (000)** ਨੂੰ ਫ਼ੋਨ ਕਰੋ।

ਡਾਕਟਰੀ ਸਹਾਇਤਾ:

ਡਾਕਟਰੀ ਮਦਦ ਪ੍ਰਾਪਤ ਕਰੋ ਜੇ:

- ਕੋਈ ਲਿਥੀਅਮ-ਆਇਨ ਬੈਟਰੀ ਦੀ ਅੱਗ ਵਾਲੇ ਧੂੰਏਂ ਜਾਂ ਰਸਾਇਣਾਂ ਵਿੱਚ ਸਾਹ ਲੈਂਦਾ ਹੈ।
- ਕਿਸੇ ਨੂੰ ਸਰੀਰ ‘ਤੇ ਸਾੜ ਪਿਆ ਹੈ।



- **ਖ਼ਰਾਬ ਹੋਈਆਂ ਬੈਟਰੀਆਂ ਬਹੁਤ ਖ਼ਤਰਨਾਕ ਹੁੰਦੀਆਂ ਹਨ।**
- **ਇਨ੍ਹਾਂ ਦੀ ਵਰਤੋਂ ਤੁਰੰਤ ਬੰਦ ਕਰ ਦਿਓ।**
- **ਜੇ ਅਜਿਹਾ ਕਰਨਾ ਸੁਰੱਖਿਅਤ ਹੈ, ਖ਼ਰਾਬ ਹੋਈ ਬੈਟਰੀ ਨੂੰ ਪਾਵਰ ਪੁਆਇੰਟ ਤੋਂ ਬਾਹਰ ਕੱਢੋ।**

ਬੈਟਰੀਆਂ ਦਾ ਸੁਰੱਖਿਅਤ ਢੰਗ ਨਾਲ ਨਿਪਟਾਰਾ ਕਰਨਾ

ਜੇ ਲਿਥੀਅਮ-ਆਇਨ ਬੈਟਰੀ ਖ਼ਰਾਬ ਹੋ ਜਾਂਦੀ ਹੈ:

- ਜੇ ਤੁਹਾਨੂੰ ਬੈਟਰੀ ਨੂੰ ਹੱਥ ਵਿੱਚ ਫੜ੍ਹਣ ਦੀ ਲੋੜ ਹੈ, ਤਾਂ ਰਬੜ ਦੇ ਦਸਤਾਨੇ ਪਹਿਨੋ।
- ਲੀਕ ਹੋ ਰਹੀਆਂ ਬੈਟਰੀਆਂ ਨੂੰ ਪਲਾਸਟਿਕ ਦੇ ਡੱਬੇ ਵਿੱਚ ਪਾ ਦਿਓ।
- ਖ਼ਰਾਬ ਹੋਈਆਂ ਬੈਟਰੀਆਂ ਨੂੰ ਬਾਹਰ ਲਿਜਾਓ, ਇਮਾਰਤਾਂ ਅਤੇ ਕਿਸੇ ਵੀ ਅਜਿਹੀ ਚੀਜ਼ ਤੋਂ ਦੂਰ ਰੱਖੋ, ਜਿਨ੍ਹਾਂ ਨੂੰ ਅੱਗ ਲੱਗ ਸਕਦੀ ਹੈ।
- ਸਲਾਹ ਵਾਸਤੇ ਆਪਣੀ ਸਥਾਨਕ ਕੌਂਸਲ ਜਾਂ ਰੀਸਾਈਕਲਿੰਗ ਸੇਵਾ ਨਾਲ ਸੰਪਰਕ ਕਰੋ।

ਜੇ ਲਿਥੀਅਮ-ਆਇਨ ਬੈਟਰੀ ਹੁਣ ਕੰਮ ਨਹੀਂ ਕਰਦੀ, ਪਰ ਖ਼ਰਾਬ ਨਹੀਂ ਹੋਈ:

- ਬੈਟਰੀਆਂ ਨੂੰ ਕਦੇ ਵੀ ਘਰੇਲੂ ਕੂੜੇਦਾਨ ਵਿੱਚ ਨਾ ਸੁੱਟੋ।
- ਉਨ੍ਹਾਂ ਨੂੰ ਨਾ ਵੇਚੋ ਜਾਂ ਨਾ ਹੀ ਅੱਗੇ ਦਿਓ।
- ਬੈਟਰੀ ਸੁੱਟਣ ਦੇ ਸੁਰੱਖਿਅਤ ਟਿਕਾਣਿਆਂ ਨੂੰ ਲੱਭਣ ਲਈ, ਆਪਣੀ ਸਥਾਨਕ ਕੌਂਸਲ ਨਾਲ ਸੰਪਰਕ ਕਰੋ।

CFA

FIRE RESCUE VICTORIA